# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਕਲਮਕਾਰਾਂ ਵਲੋਂ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਲਾਈ ਭਰਵੀਂ ਹਾਜ਼ਰੀ

ਵਰਲਡ ਪੰਜਾਬੀ ਟਾਈਮਜ਼



ਇਟਲੀ 15 ਅਪ੍ਰੈਲ : ਪਿਛਲੇ ਦਿਨੀਂ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਬਰੇਸ਼ੀਆ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਇਟਲੀ ਦੀ ਸਿਰਮੌਰ ਸਾਹਿਤਕ ਸੰਸਥਾ ਸਾਹਿਤ ਸੁਰ ਸੰਗਮ ਸਭਾ ਦੇ ਕਵੀਆਂ ਨੇ ਹਿੱਸਾ ਲਿਆ। ਇਸ ਕਵੀ ਦਰਬਾਰ ਵਿੱਚ ਸ਼ਾਮਿਲ ਕਵੀਆਂ ਵਲੋਂ ਸਿੱਖ ਧਰਮ, ਸਿੱਖ ਇਤਿਹਾਸ, ਵਿਸਾਖੀ ਅਤੇ ਸਿੱਖ ਵਿਚਾਰਧਾਰਾ ਸਮੇਤ ਪੰਜਾਬ ਅਤੇ ਚੰਗੇ ਸਮਾਜ ਦੀ ਸਿਰਜਣਾ ਨਾਲ ਸੰਬੰਧਿਤ ਕਵਿਤਾ ਪਾਠ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਮੇਜਰ ਸਿੰਘ ਖੱਖ ਵਲੋਂ ਗੁਰੂ ਸਾਹਿਬ ਦੇ ਆਸ਼ੀਰਵਾਦ ਨਾਲ ਆਰੰਭਿਕ ਬੋਲ ਸਾਂਝੇ ਕਰਦਿਆਂ ਕੀਤੀ ਗਈ।ਹਾਜ਼ਰ ਕਵੀਆਂ ਵਿੱਚ ਦਲਜਿੰਦਰ ਸਿੰਘ ਰਹਿਲ, ਜਸਵਿੰਦਰ ਕੌਰ ਮਿੰਟੂ, ਜੱਸੀ ਬੰਗਾ , ਜਗਰੂਪ ਸਿੰਘ ਭੁੱਲਰ, ਨਰਿੰਦਰ ਸਿੰਘ ਪੰਨੂੰ ਅਤੇ ਪ੍ਰੋਫੈਸਰ ਜਸਪਾਲ ਸਿੰਘ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਇੰਟਰਨੈਸ਼ਨਲ ਮਹਿਲਾ ਕਾਵਿ ਮੰਡਲ ਇਟਲੀ ਦੀ ਪ੍ਰਧਾਨ ਆਰਤੀ ਬਖਸ਼ੀ ਆਰੂ ਅਤੇ ਇਲਾਕੇ ਦੇ ਮੰਨੇ ਪਰਮੰਨੇ ਕਵੀ ਜਗਤਾਰ ਸਿੰਘ ਨੇ ਵੀ ਇਸ ਕਵੀ ਸੰਮੇਲਨ ਵਿੱਚ ਹਿੱਸਾ ਲਿਆ। ਸੰਗਤ ਵਿੱਚੋਂ ਜੱਸੀ ਬੰਗਾ ਅਤੇ ਨੌਜਵਾਨ ਮਨਵੀਰ ਸਿੰਘ ਨੇ ਇਸ ਸਮਾਗਮ ਤੋਂ ਪ੍ਰਭਾਵਿਤ ਹੋ ਕੇ ਆਪਣੀਆਂ ਕਵਿਤਾਵਾਂ ਪੜੀਆਂ। ਕਵੀਆਂ ਦੀ ਪ੍ਰਭਾਵਸ਼ਾਲੀ ਕਾਵਿ ਸ਼ੈਲੀ ਅਤੇ ਦਲਜਿੰਦਰ ਰਹਿਲ ਦੇ ਸਟੇਜ ਸੰਚਾਲਨ ਨੇ ਸੰਗਤ ਨੂੰ ਅਖ਼ੀਰ ਤੱਕ ਕਵੀ ਦਰਵਾਰ ਨਾਲ ਜੋੜੀ ਰੱਖਿਆ । ਸੰਗਤ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬੋਲਦਿਆਂ ਹਰਮਿੰਦਰ ਸਿੰਘ ਅਤੇ ਜਸਵੀਰ ਸਿੰਘ ਨੇ ਸਭਾ ਨਾਲ ਮਿਲ ਕੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਸੰਮੇਲਨ ਕਰਨ ਲਈ ਕਿਹਾ ਜਿਸ ਦੀ ਸਭਾ ਵਲੋਂ ਵੀ ਹਾਮੀ ਭਰੀ ਗਈ। ਅੰਤ ਵਿੱਚ ਪ੍ਰੋ ਜਸਪਾਲ ਸਿੰਘ ਵਲੋਂ ਇਸ ਵਿਸ਼ੇਸ ਦਿਹਾੜੇ ਦੀ ਮਹੱਤਤਾ ,ਸਾਡੇ ਹਿੱਸੇ ਆਉਂਦੇ ਫ਼ਰਜ਼ ਤੇ ਸਭਾ ਦੁਆਰਾ ਆਰੰਭੇ ਕਾਰਜਾਂ ਦਾ ਜ਼ਿਕਰ ਕੀਤਾ ਗਿਆ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ।

## ਗੁਰਦੁਆਰਾ ਜੰਡਸਰ ਸਾਹਿਬ ਠੁੱਲੀਵਾਲ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ

### -ਖ਼ੂਨਦਾਨੀਆਂ ਨੇ 60 ਯੂਨਿਟ ਖ਼ੂਨਦਾਨ ਕੀਤਾ

ਵਰਲਡ ਪੰਜਾਬੀ ਟਾਈਮਜ਼
ਜਗਮੋਹਨ ਸ਼ਾਹ ਰਾਏਸਰ



ਮਹਿਲ ਕਲਾਂ,15 ਅਪ੍ਰੈਲ : ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ 27 ਵਾਂ ਵਿਸ਼ਾਲ ਖ਼ੂਨਦਾਨ ਕੈਂਪ ਇਤਿਹਾਸਿਕ ਗੁਰਦੁਆਰਾ ਜੰਡਸਰ ਸਾਹਿਬ ਠੁੱਲੀਵਾਲ (ਬਰਨਾਲਾ) ਵਿਖੇ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵੱਲੋਂ ਗੁਰਦੁਆਰਾ ਕਮੇਟੀ ਜੰਡਸਰ ਸਾਹਿਬ, ਗ੍ਰਾਮ ਪੰਚਾਇਤ, ਅਤੇ ਸਮੂਹ ਖ਼ੂਨਦਾਨੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਦਾ ਉਦਘਾਟਨ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਇੰਸਪੈਕਟਰ ਗੁਰਪਾਲ ਸਿੰਘ, ਗੁ: ਕਮੇਟੀ ਅਤੇ ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ ਤੇ ਕੀਤਾ। ਉਨ੍ਹਾਂ ਪ੍ਰੈੱਸ ਕਲੱਬ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਐਮਰਜੈਂਸੀ ਮੌਕੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਭਾਜਪਾ ਦੇ ਸੂਬਾ ਸਕੱਤਰ ਲਖਵਿੰਦਰ ਸਿੰਘ ਸਪਰਾ, ਯੂਥ ਕਾਂਗਰਸ ਦੇ ਆਗੂ ਬੰਨੀ ਖਹਿਰਾ, ਐਡਵੋਕੇਟ ਜਸਵੀਰ ਸਿੰਘ ਖੇੜੀ, ਪਿਆਰਾ ਸਿੰਘ ਮਾਹਮਦਪੁਰ, ਪ੍ਰਧਾਨ ਹਰਤੇਜ ਸਿੰਘ ਸਿੱਧੂ ਨੇ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੀ ਸੰਗਤਾਂ ਨੂੰ ਵਧਾਈ ਦਿੰਦਿਆ ਇਸ ਸਮਾਜ ਸੇਵੀ ਕਾਰਜ ਦੀ ਸ਼ਲਾਘਾ ਕੀਤੀ। ਪੰਜਾਬੀ ਲੇਖਿਕਾ ਕਮਲਜੀਤ ਕੌਰ ਗੁੰਮਟੀ, ਜਰਨੈਲ ਸਿੰਘ ਠੁੱਲੀਵਾਲ, ਕੁਮੈਂਟੇਟਰ ਲੱਖਾ ਖਿਆਲੀ, ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ, ਰਮਨਦੀਪ ਸਿੰਘ ਠੁੱਲੀਵਾਲ, ਸੋਨੀ ਮਾਂਗੇਵਾਲ, ਮੈਘ ਰਾਜ ਜੋਸ਼ੀ, ਪ੍ਰਧਾਨ ਪਰਮਿੰਦਰ ਸ਼ੰਮੀ ਠੁੱਲੀਵਾਲ ਨੇ ਸਮੂਹ ਖ਼ੂਨਦਾਨੀਆਂ, ਸਹਿਯੋਗੀ ਸੱਜਣਾਂ ਦਾ ਧੰਨਵਾਦ ਦੱਸਿਆ ਕਿ ਖ਼ੂਨਦਾਨ ਮਹਾਂ ਦਾਨ ਦੀ ਮੁਹਿੰਮ ਨੂੰ ਭਵਿੱਖ ਵਿੱਚ ਹੋਰ ਤੇਜ ਕੀਤਾ ਜਾਵੇਗਾ। ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ, ਏ ਐਸ ਆਈ ਕਰਮਜੀਤ ਸਿੰਘ ਹਮੀਦੀ, ਮੰਗਤ ਸਿੰਘ ਸਿੱਧੂ, ਬਲਜੀਤ ਸਿੰਘ ਸਿੱਧੂ, ਡਾ: ਬਲਵੰਤ ਰਾਏ ਹਮੀਦੀ ਨੇ ਖ਼ੂਨਦਾਨੀਆਂ ਨੂੰ ਆਸ਼ੀਰਵਾਦ ਦਿੰਦਿਆ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿਵਾਇਆ। ਇਸ ਮੌਕੇ ਖ਼ੂਨਦਾਨੀਆਂ ਨੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਦੀ ਟੀਮ ਨੂੰ 60 ਯੂਨਿਟ ਖ਼ੂਨਦਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ, ਖ਼ੂਨਦਾਨੀਆਂ, ਵੱਖ-ਵੱਖ ਸ਼ਖ਼ਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਓਮਨਦੀਪ ਸਿੰਘ ਹਮੀਦੀ, ਡਾ: ਨਿਰਭੈ ਸਿੰਘ ਨਿਹਾਲੂਵਾਲ, ਕਮਲਜੀਤ ਸਿੰਘ ਚੱਕ, ਬਲਦੇਵ ਸਿੰਘ ਗਾਗੇਵਾਲ, ਕੁਲਦੀਪ ਸਿੰਘ ਧਾਲੀਵਾਲ, ਪ੍ਰਧਾਨ ਹਰਵਿੰਦਰ ਸਿੰਘ ਸਿੱਧੂ, ਹਰਜੀਤ ਸਿੰਘ ਗੋਗੀ, ਸੁਖਵਿੰਦਰ ਸਿੰਘ ਹੈਰੀ, ਗੁਰਦੀਪ ਸਿੰਘ ਟਿਵਾਣਾ, ਹਰਜਿੰਦਰ ਸਿੰਘ ਮਾਂਗੇਵਾਲ, ਲਖਵੀਰ ਸਿੰਘ ਸਹੌਰ, ਬਲਵਿੰਦਰ ਸਿੰਘ ਵਜੀਦਕੇ, ਹਰਜਿੰਦਰ ਸੋਰੀ, ਸੁਖਵੀਰ ਜਗਦੇ, ਬਲਵੰਤ ਚੁਹਾਣਕੇ, ਬਾਬਾ ਰਾਜਵਿੰਦਰ ਸਿੰਘ, ਹਰਬੰਸ ਸਿੰਘ ਠੁੱਲੀਵਾਲ, ਜਗਮੋਹਣ ਸ਼ਾਹ ਰਾਏਸਰ, ਜਗਸੀਰ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

## ਯੂਰੀਆ ਖਾਦ ਦੀ ਅਣ ਅਧਿਕਾਰਤ ਵਰਤੋ ਤਹਿਤ ਮੁਕੱਦਮਾਂ ਦਰਜ – ਮੁੱਖ ਖੇਤੀਬਾੜੀ ਅਫ਼ਸਰ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 15 ਅਪ੍ਰੈਲ:ਪੰਜਾਬ ਦੇ ਖੇਤੀਬਾੜੀ ਮੰਤਰੀ ਸ੍ਰ. ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਅਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਡਾ ਗੁਰਜੀਤ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਅਤੇ ਜਿਲਾ ਪ੍ਰਸਾਸਨ ਦੇ ਸਹਿਯੋਗ ਨਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪਟਿਆਲਾ ਦੇ ਮੁੱਖ ਖੇਤੀਬਾੜੀ ਅਫਸਰ ਡਾ. ਦਾਰਾ ਸਿੰਘ ਵੱਲੋ ਵਿਭਾਗੀ ਟੀਮ ਅਤੇ ਪੁਲਿਸ ਪ੍ਰਸਾਸਨ ਨਾਲ ਮਿਲਕੇ ਕਿਸਾਨਾਂ ਲਈ ਸਬਸਿਡੀ ਤੇ ਉਪਲਬਧ ਖੇਤੀ ਵਰਤੋ ਲਈ ਯੂਰੀਆ ਖਾਦ ਨੂੰ ਫੀਡ ਬਣਾਉਣ ਲਈ ਅਣ ਅਧਿਕਾਰਤ ਤੋਰ ਤੇ ਸਟੋਰ ਕਰਨ ਤੇ ਸ੍ਰੀ ਕ੍ਰਿਸਨ ਕ੍ਰਿਪਾ ਇੰਡਸਟਰੀਜ, ਧਬਲਾਨ ਰੋਡ ਨੇੜੇ ਰੱਖੜਾ ਸੂਗਰ ਮਿੱਲ, ਪਿੰਡ ਖੇੜੀ ਗੋੜੀਆਂ ਜਿਲਾ ਪਟਿਆਲਾ ਵਿਰੱਧ ਮਕੱਦਮਾ ਦਰਜ ਕਰਵਾਇਆ ਹੈ ।

ਮੁੱਖ ਖੇਤੀਬਾੜੀ ਅਫਸਰ ਪਟਿਆਲਾ ਡਾ. ਦਾਰਾ ਸਿੰਘ ਵੱਲੋ ਦੱਸਿਆ ਗਿਆ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਣ ਅਧਿਕਾਰਤ ਤੋਰ ਤੇ ਖਾਦ ਦੀ ਸਟੋਰਜ ਅਤੇ ਕਿਸੇ ਹੋਰ ਥੈਲਿਆ ਵਿਚ ਸਟੋਰਜ ਕਰਨ ਤੇ ਪਾਬੰਧੀ ਹੈ ਖੇਤੀਬਾੜੀ ਵਿਭਾਗ ਦੀ ਟੀਮ ਜਿਸ ਵਿਚ ਏ ਡੀ ਓ ਅਮਨਪ੍ਰੀਤ ਸਿੰਘ, ਏ ਡੀ ਓ ਰਸਪਿੰਦਰ ਸਿੰਘ ਅਤੇ ਪੁਲਿਸ ਦੇ ਮੈਬਰ ਏ ਐਸ ਆਈ ਬਲਦੇਵ ਸਿੰਘ ਨੇ ਚੈਕਿੰਗ ਦੋਰਾਨ ਸ੍ਰੀ ਕ੍ਰਿਸਨ ਕ੍ਰਿਪਾ ਇੰਡਸਟਰੀਜ, ਧਬਲਾਨ ਰੋਡ ਨੇੜੇ ਰੱਖੜਾ ਸੂਗਰ ਮਿੱਲ, ਪਿੰਡ ਖੇੜੀ ਗੋੜੀਆਂ ਵਿਖੇ ਯੂਰੀਆ ਖਾਦ ਨੂੰ ਕਿਸੇ ਹੋਰ ਥੈਲਿਆਂ ਵਿਚ ਪਾ ਕੇ ਫੈਕਟਰੀ ਵਿਚ ਰੱਖਿਆ ਹੋਣ ਕਾਰਨ ਅਤੇ ਸਬੰਧਤ ਦਸਤਾਵੇਜ਼ ਨਾ ਹੋਣ ਕਾਰਨ ਖਾਦ ਕੰਟਰੋਲ ਆਰਡਰ 1985 ਦੀ ਕਲਾਸ 28 ਅਧੀਨ ਪਾਵਰਾਂ ਦੀ ਵਰਤੋ ਕਰਦਿਆਂ ਯੂਰੀਆ ਖਾਦ ਨੂੰ ਸੀਜ ਕਰ ਦਿੱਤਾ।

ਖੇਤੀਬਾੜੀ ਵਿਕਾਸ ਅਫਸਰ ਡਾ. ਅਮਨਪ੍ਰੀਤ ਸਿੰਘ ਵੱਲੋ ਦੱਸਿਆ ਗਿਆ ਕਿ ਖਾਦ ਖਾਦ ਕੰਟਰੋਲ ਆਰਡਰ 1985 ਦੀ ਧਾਰਾ 2 (ਐਚ),3,19,25 ਅਤੇ ਜਰੂਰੀ ਵਸਤਾਂ ਐਕਟ 1955 ਦੀ ਧਾਰਾ 3 ਅਤੇ 7 ਦੀ ਉਲੰਘਣਾ ਕਰਨ ਅਤੇ ਸਰਕਾਰ ਨੂੰ ਮਾਲੀ ਤੋਰ ਤੇ ਨੁਕਸਾਨ ਪਹੁਚਾਉਣ ਕਾਰਨ ਬੀ ਐਨ ਐਸ 2023 ਦੀ ਧਾਰਾ 318 (4) ਦੀ ਉਲੰਘਣਾ ਕਰਨ ਹਿੱਤ ਉਪਰੋਕਤ ਫਾਰਮ ਵਿਰੱਧ ਮੁਕੱਦਮਾ ਦਰਜ ਕਰਵਾ ਦਿੱਤਾ ਗਿਆ ਹੈ।

ਮੁੱਖ ਖੇਤੀਬਾੜੀ ਅਫਸਰ ਪਟਿਆਲਾ ਡਾ. ਦਾਰਾ ਸਿੰਘ ਨੇ ਕਿਹਾ ਕਿ ਜੇਕਰ ਕੋਈ ਵੀ ਖਾਦ ਡੀਲਰ ਕਿਸਾਨਾਂ ਨੂੰ ਤਹਿ ਰੇਟ ਤੋ ਜਿਆਦਾ ਰੇਟ ਉਪਰ ਖਾਦ ਵੇਚਦਾ ਹੈ , ਖਾਦ ਨਾਲ ਕਿਸੇ ਹੋਰ ਵਸਤੂ ਦੀ ਸੇਲ ਕਰਦਾ ਹੈ, ਅਣ ਅਧਿਕਾਰਤ ਤੋਰ ਦੇ ਸਟੋਰਜ ਕਰਦਾ ਹੈ ਅਤੇ ਕੋਈ ਵੀ ਖਾਦ ਡੀਲਰ ਖਾਦ ਨੂੰ ਫੀਡ ਫੈਕਟਰੀਆਂ, ਪਲਾਈਵੁੱਡ ਫੈਕਟਰੀਆਂ ਜਾਂ ਕਿਸੇ ਹੋਰ ਵਰਤੋਂ ਲਈ ਵੇਚਦਾ ਹੈ ਤਾਂ ਉਸ ਵਿਰੱਧ ਫਰਟੀਲਾਇਜਰ ਕੰਟਰੋਲ ਐਕਟ 1985 ਅਧੀਨ ਬਣਦੀ ਕਾਰਵਾਈ ਕੀਤੀ ਜਾਵੇਗੀ।

ਉਹਨਾ ਨੇ ਕਿਸਾਨਾ ਨੂੰ ਕਿ ਜੇਕਰ ਕਿਸਾਨਾ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਆਉਦੀ ਹੈ ਤਾਂ ਕਿਸਾਨ ਇਸ ਸਬੰਧੀ ਬਲਾਕ ਪਟਿਆਲਾ ਦੇ ਡਾ. ਗੁਰਮੀਤ ਸਿੰਘ (97791—60950), ਬਲਾਕ ਨਾਭਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਗਿੱਲ (97805—60004), ਬਲਾਕ ਭੂਨਰਹੇੜੀ ਦੇ ਕਿਸਾਨ ਡਾ. ਮਨਦੀਪ ਸਿੰਘ (70092—27488), ਬਲਾਕ ਸਮਾਣਾ ਦੇ ਕਿਸਾਨ ਡਾ. ਸਤੀਸ਼ ਕੁਮਾਰ (97589—00047), ਬਲਾਕ ਰਾਜਪੁਰਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਪੰਨੂੰ (73070—59201) ਅਤੇ ਬਲਾਕ ਘਨੌਰ ਦੇ ਕਿਸਾਨ ਡਾ. ਰਣਜੋਧ ਸਿੰਘ (99883—12299) ਨਾਲ ਸਪੰਰਕ ਕਰ ਸਕਦੇ ਹਨ।

## ਸਰਕਾਰੀ ਮੈਡੀਕਲ ਕਾਲਜ ਵੱਲੋਂ ਅੰਬੇਡਕਰ ਜਯੰਤੀ ਮੌਕੇ ਖ਼ੂਨਦਾਨ ਕੈਂਪ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 15 ਅਪ੍ਰੈਲ:ਡਾ. ਬੀ. ਆਰ. ਅੰਬੇਡਕਰ ਜਯੰਤੀ ਮੌਕੇ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੇ ਫੈਕਲਟੀ ਮੈਂਬਰਾਂ, ਡਾਕਟਰਾਂ, ਵਿਦਿਆਰਥੀਆਂ ਅਤੇ ਸਟਾਫ ਵੱਲੋਂ ਹੈਲਥ ਆਊਟਲੈਟ ਫਾਰ ਪ੍ਰੋਮੋਸ਼ਨ ਆਫ ਐਜੂਕੇਸ਼ਨ (ਹੋਪ), ਪਟਿਆਲਾ ਦੀ ਅਗਵਾਈ ਰਾਜਿੰਦਰਾ ਹਸਪਤਾਲ ਦੇ ਬਲੱਡ ਸੈਂਟਰ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 70 ਤੋਂ ਵੱਧ ਸਵੈ-ਇੱਛੁਕ ਖ਼ੂਨਦਾਨੀਆਂ ਨੇ ਖ਼ੂਨ ਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਯੋਗਦਾਨ ਪਾਇਆ।

ਕੈਂਪ ਦਾ ਉਦਘਾਟਨ ਸਰਕਾਰੀ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਆਰ. ਪੀ. ਐਸ. ਸਿਬੀਆ ਨੇ ਕੀਤਾ। ਇਸ ਮੌਕੇ ਸਾਬਕਾ ਡਾਇਰੈਕਟਰ ਖੋਜ ਡਾ. ਜੈ ਕਿਸ਼ਨ ਅਤੇ ਡਾਕਟਰੀ ਸਿੱਖਿਆ ਅਤੇ ਸਾਬਕਾ ਪ੍ਰਿੰਸੀਪਲ ਡਾ. ਸੁਰਿੰਦਰ ਸਿੰਘ ਵੀ ਮੌਜੂਦ ਰਹੇ।

ਡਾ. ਸਿਬੀਆ ਨੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਖ਼ੂਨਦਾਨ ਇਕ ਮਹਾਨ ਅਤੇ ਮਨੁੱਖਤਾ ਭਰਿਆ ਕਾਰਜ ਹੈ ਜੋ ਅਨੇਕਾਂ ਕੀਮਤੀ ਜ਼ਿੰਦਗੀਆਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਕੈਂਪ ਵਿੱਚ ਫੈਕਲਟੀ ਮੈਂਬਰਾਂ, ਰੈਜ਼ੀਡੈਂਟ ਡਾਕਟਰਾਂ, ਵਿਦਿਆਰਥੀਆਂ, ਪੈਰਾ-ਮੈਡੀਕਲ ਸਟਾਫ ਅਤੇ ਸਥਾਨਕ ਖ਼ੂਨਦਾਨੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਖ਼ੂਨਦਾਨ ਕਰਨ ਵਾਲੇ ਮੁੱਖ ਫੈਕਲਟੀ ਮੈਂਬਰਾਂ ਵਿੱਚ ਡਾ. ਵਿਸ਼ਾਲ ਚੋਪੜਾ, ਮੈਡੀਕਲ ਸੁਪਰਡੈਂਟ, ਡਾ. ਲਵਲੀਨ ਭਾਟੀਆ, ਡਾ. ਅਸ਼ੀਸ਼ ਭਗਤ, ਡਾ. ਰਾਜੇਸ਼ ਕੁਮਾਰ ਬੱਧਨ, ਡਾ. ਮਲਕੀਤ ਸਿੰਘ, ਡਾ. ਜਸਬੀਰ, ਡਾ. ਸੁਨੀਲ ਪਵਾਰ, ਡਾ. ਦਿਨੇਸ਼ ਕੁਮਾਰ ਪਾਸੀ, ਡਾ. ਕੁਲਦੀਪ ਸਿੰਘ, ਡਾ. ਸੁਦੇਸ਼ ਪ੍ਰਤਾਪ ਸਿੰਘ ਅਤੇ ਡਾ. ਪਰਮਿੰਦਰਪਾਲ ਸਿੰਘ ਸ਼ਾਮਲ ਸਨ।

ਹੋਪ ਸੰਸਥਾ ਦੇ ਪ੍ਰਧਾਨ ਡਾ. ਹਰਪਾਲ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੈਂਪ ਨੂੰ ਮਿਲੇ ਭਰਪੂਰ ਹੁੰਗਾਰੇ ਨੇ ਸਵੈ-ਇੱਛੁਕ ਖ਼ੂਨਦਾਨ ਪ੍ਰਤੀ ਲੋਕਾਂ ਦੀ ਜਾਗਰੂਕਤਾ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਸਾਰੇ ਖ਼ੂਨਦਾਨੀਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਉਪਰਾਲਿਆਂ ਰਾਹੀਂ ਸਵੈ-ਇੱਛੁਕ ਖ਼ੂਨਦਾਨ ਨੂੰ ਹੋਰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਜਤਾਈ।

ਇਸ ਮੌਕੇ ਪ੍ਰੋਫੈਸਰ ਅਤੇ ਮੁਖੀ, ਸਰਜਰੀ ਡਾ. ਅਸ਼ਵਨੀ ਕੁਮਾਰ ਦੀ ਦੇਖ-ਰੇਖ ਹੇਠ ਪੋਸਟਰ-ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਡਾ. ਬੀ. ਆਰ. ਅੰਬੇਡਕਰ ਦੇ ਸਮਾਜਿਕ ਸਮਾਨਤਾ ਅਤੇ ਨਿਆਂ ਲਈ ਜੀਵਨ ਭਰ ਦੇ ਯੋਗਦਾਨ ਨੂੰ ਦਰਸਾਇਆ ਗਿਆ। ਵੱਖ-ਵੱਖ ਵਿਭਾਗਾਂ ਦੇ ਰੈਜ਼ੀਡੈਂਟ ਡਾਕਟਰਾਂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ। ਨਿਰਧਾਰਿਤ ਕਮੇਟੀ ਵੱਲੋਂ ਕੀਤੇ ਗਏ ਮੁਲਾਂਕਣ ਅਨੁਸਾਰ ਡਾ. ਸੌਮਿਆ ਨੇ ਪਹਿਲਾ, ਡਾ. ਯੋਗਯਤਾ ਨੇ ਦੂਜਾ ਅਤੇ ਡਾ. ਬ੍ਰਹਮਲੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਨੂੰ ਕ੍ਰਮਵਾਰ 5000, 3000 ਅਤੇ 2000 ਦੇ ਨਕਦ ਇਨਾਮ ਦਿੱਤੇ ਗਏ। ਹੌਸਲਾ ਅਫਜ਼ਾਈ ਪੁਰਸਕਾਰ ਡਾ. ਅਸੀਮ ਆਨੰਦ ਨੂੰ ਦਿੱਤਾ ਗਿਆ। ਇਸ ਮੌਕੇ ਡਾ. ਪ੍ਰਮੋਦ ਕੁਮਾਰ, ਡਾ. ਸੰਜੀਵ ਭਗਤ, ਡਾ. ਬਲਵਿੰਦਰ ਕੌਰ ਰੇਖੀ, ਡਾ. ਮਨਜੀਤ ਕੌਰ (ਐਸ.ਐਮ.ਓ.), ਡਾ. ਨਿੰਦਰ ਕੁਮਾਰ, ਡਾ. ਜਸਵਿੰਦਰ ਸਿੰਘ, ਡਾ. ਲਵਕੇਸ਼ ਕੁਮਾਰ (ਐਸ.ਐਮ.ਓ.), ਡਾ. ਜਸਪ੍ਰੀਤ ਭੱਟੀ, ਡਾ. ਮੋਨਿਕਾ ਗਰਗ, ਡਾ. ਅਰਾਧਨਾ ਸ਼ਰਮਾ, ਡਾ. ਦਲਜਿੰਦਰ ਸਿੰਘ ਅਤੇ ਡਾ. ਰਿੱਪਲ ਵੀ ਮੌਜੂਦ ਰਹੇ।

## ਪੰਜਾਬ ਦੇ ਰਾਜਪਾਲ ਨੇ ਵਿਸਾਖੀ ਸੰਬੰਧੀ ਵਿਸ਼ੇਸ਼ ਕੌਫੀ ਟੇਬਲ ਕਿਤਾਬ ਲੋਕ ਅਰਪਿਤ ਕੀਤੀ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ 15 ਅਪ੍ਰੈਲ : ਲੰਘੇ ਦਿਨੀਂ ਵਿਸਾਖੀ ਦੇ ਪਾਵਨ ਮੌਕੇ ਤੇ ਪੀ.ਏ.ਯੂ. ਵੱਲੋਂ ਪ੍ਰਕਾਸ਼ਿਤ ਕੌਫੀ ਟੇਬਲ ਕਿਤਾਬ ਨੂੰ ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਭਵਨ ਚੰਡੀਗੜ੍ਹ ਵਿਖੇ ਇਕ ਵਿਸ਼ੇਸ਼ ਸਮਾਰੋਹ ਦੌਰਾਨ ਲੋਕ ਅਰਪਿਤ ਕੀਤਾ| ਇਸ ਕਿਤਾਬ ਦੇ ਸੰਪਾਦਕ ਪੰਜਾਬ ਦੇ ਸੂਚਨਾ ਕਮਿਸ਼ਨਰ ਸ਼੍ਰੀ ਹਰਪ੍ਰੀਤ ਸੰਧੂ ਹਨ ਅਤੇ ਇਸ ਕਿਤਾਬ ਨੂੰ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਪੀ.ਏ.ਯੂ. ਦੀ ਤਰਫੋਂ ਪ੍ਰਕਾਸ਼ਿਤ ਕਰਵਾਇਆ ਹੈ| ਇਹ ਕੌਫੀ ਟੇਬਲ ਕਿਤਾਬ ਵਿਸਾਖੀ ਦੇ ਤਿਉਹਾਰ ਨਾਲ ਕਣਕ ਦੀ ਵਾਢੀ ਨੂੰ ਜੋੜ ਕੇ ਯੂਨੀਵਰਸਿਟੀ ਦੀਆਂ ਕਣਕ ਦੀਆਂ ਕਿਸਮਾਂ ਉੱਪਰ ਪੰਛੀ ਝਾਤ ਪਵਾਉਂਦੀ ਹੈ|

ਪੰਜਾਬ ਦੇ ਰਾਜਪਾਲ ਸ਼੍ਰੀ ਕਟਾਰੀਆ ਨੇ ਇਸ ਕਿਤਾਬ ਨੂੰ ਬੜੀ ਮਾਅਨਾਖੇਜ਼ ਕਰਾਰ ਦਿੱਤਾ ਅਤੇ ਕਿਹਾ ਕਿ ਕਣਕ ਪੰਜਾਬੀਆਂ ਦਾ ਮੁੱਖ ਅਨਾਜ ਹੋਣ ਦੇ ਨਾਲ-ਨਾਲ ਦੇਸ਼ ਦੇ ਅੰਨ ਭੰਡਾਰ ਦਾ ਅਹਿਮ ਸਰੋਤ ਵੀ ਹੈ| ਕਣਕ ਦੀ ਵਾਢੀ ਨੂੰ ਜ਼ਸ਼ਨ ਵਾਂਗ ਮਨਾਉਣਾ ਪੰਜਾਬੀਆਂ ਦਾ ਅਹਿਮ ਤਿਉਹਾਰ ਰਿਹਾ ਹੈ| ਇਸ ਮੌਕੇ ਕਣਕ ਦੀਆਂ ਕਿਸਮਾਂ ਬਾਰੇ ਕਿਤਾਬ ਦੀ ਪ੍ਰਕਾਸ਼ਨਾ ਬੜਾ ਸ਼ੁਭ ਸ਼ਬਦ ਹੈ|

ਕਿਤਾਬ ਜਾਰੀ ਕਰਨ ਦੇ ਸਮਾਰੋਹ ਵੇਲੇ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕਰਤਾਰ ਸਿੰਘ ਸੰਧਵਾਂ ਨੇ ਇਸ ਕੌਫੀ ਟੇਬਲ ਕਿਤਾਬ ਦੀ ਪ੍ਰਕਾਸ਼ਨਾ ਲਈ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਅਤੇ ਸ਼੍ਰੀ ਸੰਧੂ ਨੂੰ ਵਧਾਈ ਦਿੱਤੀ| ਉਹਨਾਂ ਕਿਹਾ ਕਿ ਪੰਜਾਬ ਦੇ ਸੁਨਹਿਰੀ ਖੇਤਾਂ ਦੀ ਸ਼ਾਨਦਾਰ ਦਿੱਖ ਨੂੰ ਪੇਸ਼ ਕਰਨ ਵਾਸਤੇ ਇਹ ਕੌਫੀ ਟੇਬਲ ਕਿਤਾਬ ਵੱਡਮੁੱਲਾ ਕਾਰਜ ਕਰ ਰਹੀ ਹੈ| ਇਸਦੇ ਨਾਲ ਹੀ ਯੂਨੀਵਰਸਿਟੀ ਵੱਲੋਂ ਜਾਰੀ ਕੀਤੀਆਂ ਕਣਕ ਦੀਆਂ ਵੱਧ ਉਪਜ ਵਾਲੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਸਾਰਨ ਦਾ ਕਾਰਜ ਵੀ ਕੀਤਾ ਗਿਆ ਹੈ|

ਇਸ ਕਿਤਾਬ ਨੂੰ ਜਾਰੀ ਕਰਨ ਮੌਕੇ ਸ਼੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਾਹਿਬਾਨ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਵੀ ਕੀਤਾ ਗਿਆ| ਪੰਜਾਬ ਭਰ ਤੋਂ ਉੱਘੀਆਂ ਸਖਸ਼ੀਅਤਾਂ ਨੇ ਇਸ ਕੌਫੀ ਟੇਬਲ ਕਿਤਾਬ ਦੇ ਜਾਰੀ ਹੋਣ ਦੇ ਸਮਾਗਮ ਵਿਚ ਵਿਸ਼ੇਸ਼ ਸ਼ਿਰਕਤ ਕੀਤੀ|

ਸਮਾਰੋਹ ਦੇ ਅੰਤ ਤੇ ਸ਼੍ਰੀ ਸੰਧੂ ਨੇ ਕਿਤਾਬ ਦੀ ਪ੍ਰਕਾਸ਼ਨਾ ਨਾਲ ਜੁੜੀਆਂ ਤਮਾਮ ਹਸਤੀਆਂ ਦਾ ਧੰਨਵਾਦ ਕੀਤਾ| ਉਹਨਾਂ ਕਿਹਾ ਕਿ ਪੀ.ਏ.ਯੂ. ਦੀਆਂ ਕਣਕ ਦੀਆਂ ਕਿਸਮਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਇਹ ਸੁਨੇਹਾ ਵਰ੍ਹਿਆਂ ਦੀ ਮਿਹਨਤ ਦਾ ਨਤੀਜਾ ਹੈ|

## ਡੀ.ਸੀ.ਐਮ. ਸਕੂਲ ਵਲੋਂ ਮਨਾਇਆ ਗਿਆ ‘ਵਿਸਾਖੀ ਦਾ ਤਿਉਹਾਰ’

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 15 ਅਪ੍ਰੈਲ : ਸਥਾਨਕ ਬਾਹਮਣਵਾਲਾ ਰੋਡ ’ਤੇ ਸਥਿਤ ਡੀ.ਸੀ.ਐਮ. ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਬੇਮੌਸਮੀ ਬਰਸਾਤ ਕਾਰਨ ਕਿਸਾਨ ਭਰਾਵਾਂ ਦੀ ਫ਼ਸਲ ਦੀ ਸਲਾਮਤੀ ਲਈ ਸਕੂਲ ਦੇ ਅਧਿਆਪਕ ਸਹਿਬਾਨ ਅਤੇ ਵਿਦਿਆਰਥੀਆਂ ਵੱਲੋਂ ਅਰਦਾਸ ਕੀਤੀ ਗਈ। ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਪੰਜਾਬੀ ਸੱਭਿਆਚਾਰ ਨਾਲ ਸਬੰਧਤ ਝਾਕੀਆਂ ਦੀ ਪ੍ਰਦਰਸ਼ਨੀ ਲਾਈ ਗਈ ਅਤੇ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਦਸਤਾਰ ਸਜਾਉਣ ਦੇ ਤੇ ਵਿਦਿਆਰਥਣਾਂ ਵੱਲੋਂ ਪਰਾਂਦਾ ਪਾ ਕੇ ਗੁੱਤ ਗੁੰਦਣ ਦੇ ਮੁਕਾਬਲੇ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਤਿਆਰ ਕੀਤੇ ਭੋਜਨ ਦੀ ਸਟਾਲ ਵੀ ਲਾਈ ਗਈ। ਵਿਦਿਆਰਥੀਆਂ ਲਈ ਗੇਮਾਂ ਖੇਡਣ ਦਾ ਪ੍ਰਬੰਧ ਵੀ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾਂ ਵੱਲੋਂ ਵਿਸਾਖੀ ਦੇ ਤਿਉਹਾਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਇਸ ਮੌਕੇ ਤੇ ਸਭ ਨੂੰ ਵਧਾਈ ਦਿੱਤੀ । ਬੱਚਿਆਂ ਦਾ ਉਤਸ਼ਾਹ ਵਧਾਉਣ ਲਈ ਪ੍ਰਿੰਸੀਪਲ ਮੈਡਮ ਵੱਲੋਂ ਉਪਹਾਰ ਵੀ ਦਿੱਤੇ ਗਏ। ਇਸ ਤਿਉਹਾਰ ਤੇ ਸਭ ਦੇ ਉਤਸ਼ਾਹ ਨੇ ਸਕੂਲ ਦੇ ਮਾਹੌਲ ਨੂੰ ਵੱਖਰਾ ਰੰਗ ਦਿੱਤਾ।

## ਵਿਸਾਖੀ ਦੀ ਰੂਹ ਸੋਨ ਸੁਨਹਿਰੀ ਖੇਤ ਕਣਕ ਦੇ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਪਿਆਰੇ ਵੀਰ ਹਰਪ੍ਰੀਤ ਸਿੰਘ ਸੰਧੂ ਦੀਆਂ ਕਣਕ ਸਬੰਧੀ ਖ਼ੂਬਸੂਰਤ ਤਸਵੀਰਾਂ ਤੇ ਆਧਾਰਿਤ ਕੌਫੀ ਟੇਬਲ ਬੁੱਕ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਜੀ ਨੇ ਲੋਕ ਭਵਨ ਚੰਡੀਗੜ੍ਹ ਵਿਖੇ ਲੋਕ ਅਰਪਨ ਕੀਤੀ।
ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਤੋਂ ਵਿਲਾਵਾਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਹੋਈਆਂ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਵੀ ਸੀ ਡਾ. ਸਤਿਬੀਰ ਸਿੰਘ ਗੋਸਲ, ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਦੇ ਵੀ ਸੀ ਡਾ. ਜਤਿੰਦਰਪਾਲ ਸਿੰਘ ਗਿੱਲ ਵੀ ਵਿਗਿਆਨੀਆਂ ਸਮੇਤ ਹਾਜ਼ਰ ਸਨ। ਮੈਂ ਵੀ ਪਿਆਰੇ ਸੱਜਣਾਂ ਗੁਰਪ੍ਰੀਤ ਸਿੰਘ ਤੂਰ ਤੇ ਤੇਜਪਰਤਾਪ ਸਿੰਘ ਸੰਧੂ ਸਮੇਤ ਇਸ ਸਮਾਗਮ ਵਿੱਚ ਸ਼ਾਮਿਲ ਹੋਇਆ।

ਪਹਿਲਾਂ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੌਕੀਨ ਸਿੰਘ ਜੀ ਦਾ ਰਸ ਭਿੰਨੜਾ ਕੀਰਤਨ ਸਰਵਣ ਕੀਤਾ।
ਇਸ ਪੁਸਤਕ ਦੀ ਪ੍ਰਕਾਸ਼ਨਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਨੇ ਕੀਤੀ ਹੈ।

ਮੇਰਾ ਇਸ ਕਿਤਾਬ ਵਿੱਚ ਇੱਕ ਲੇਖ ਸ਼ਾਮਲ ਹੈ, ਤੁਸੀਂ ਵੀ ਪੜ੍ਹੋ।

ਮੌਸਮ ਆਪਣੇ ਪੈਰਾਂ ਤੋਂ ਤਿਲਕ ਗਿਆ ਹੈ। ਜਿਹੜੀ ਵਿਸਾਖੀ ਚੇਤਰ ਮੁੱਕਣ ਸਾਰ ਆਉਂਦੀ ਸੀ। ਕਣਕਾਂ ਦੇ ਮੁੱਢ ਦਾਤਰੀ ਫਿਰਕੀ ਸੀ, ਉਹ ਹੁਣ ਖਿਸਕ ਕੇ ਦਸ ਬਾਰਾਂ ਦਿਨ ਅਗੇਤੀ ਹੋ ਗਈ ਹੈ। ਹੁਣ ਵਿਸਾਖੀ ਨੂੰ ਦਾਤਰੀ ਕਣਕ ਨਹੀਂ, ਵੱਢਦੀ, ਕੰਬਾਈਨ ਮਸ਼ੀਨ ਪੈਲ਼ੀਆਂ ਵਿੱਚ ਘੂਕਦੀ ਫਿਰਦੀ ਹੈ। ਸੋਨੇ ਦੀ ਵਾਢੀ ਤਾਂ ਹੋ ਰਹੀ ਹੈ ਪਰ ਚਾਵਾਂ ਤੋਂ ਸੱਖਣੀ।

ਫ਼ਸਲ ਸਾਂਭੀ ਜਾਂਦੀ ਹੈ, ਪਰ ਸ਼ਗਨਾਂ ਨਾਲ ਬੋਹਲ ਘਰ ਨਹੀਂ ਆਉਂਦਾ, ਬਾਹਰੋਂ ਹੀ ਬੋਰੀਆਂ ਭਰ ਕੇ ਮੰਡੀ ਦੇ ਰਾਹ ਪੈ ਜਾਂਦੀ ਹੈ ਟਰਾਲੀ।

ਵਿਸਾਖੀ ਤਾਂ ਚਾਵਾਂ ਦਾ ਨਾਮ ਸੀ। ਪੱਕੀਆਂ ਫ਼ਸਲਾਂ ਨਾਲ ਜੁੜੇ ਨਿੱਕੇ ਨਿੱਕੇ ਚਾਅ। ਹੁਣ ਪ੍ਰੇਮੀ ਨੂੰ ਕੋਈ ਨਹੀਂ ਕਹਿੰਦਾ,

"ਚੱਲ ਨੀ ਪ੍ਰੇਮੀਏ
ਵਿਸਾਖੀ ਚੱਲੀਏ"।

ਵਿਸਾਖੀ ਪੰਜਾਬ ਦਾ ਮੌਸਮੀ ਤਿਉਹਾਰ ਹੈ। ਗੁਰਬਾਣੀ ਵਿਚ ਵੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਆਪੋ-ਆਪਣੇ ਅੰਦਾਜ਼ ਵਿੱਚ ਬਾਰਾਮਾਹ ਲਿਖਿਆ ਵਿਸਾਖੀ ਦੇ ਪੁਰਬ ਦਾ ਸੁਆਗਤ ਕਰਦਿਆਂ ਸਾਨੂੰ ਕਿਹਾ ਹੈ ਕਿ ਵਿਸਾਖ ਮਹੀਨੇ ਪੱਕੀਆਂ ਫ਼ਸਲਾਂ ਨੂੰ ਵਾਢੀ ਪੈ ਗਈ ਹੈ। ਖ਼ਾਲਸਾ ਪੰਥ ਦੀ ਸਾਜਨਾ ਦਾ ਵੀ ਵਿਸਾਖੀ ਨਾਲ ਬਹੁਤ ਨੇੜਲਾ ਸੰਬੰਧ ਹੈ। 1699 ਦੀ ਵਿਸਾਖੀ ਵਾਲੇ ਦਿਨ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ਵ ਭਰ ਦੇ ਨਿਤਾਣਿਆਂ ਨੂੰ ਜ਼ੁਲਮ ਦੇ ਖਿਲਾਫ ਲੜਨ ਲਈ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਖ਼ਾਲਸੇ ਦੀ ਸਿਰਜਣ ਭੂਮੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਅਲੌਕਿਕ ਦਰਬਾਰ ਸਜਣ ਦੀ ਕਹਾਣੀ ਇਤਿਹਾਸ ਦੀਆਂ ਪੁਸਤਕਾਂ ਸਾਨੂੰ 300 ਸਾਲ ਤੋਂ ਦੱਸ ਰਹੀਆਂ ਹਨ। ਸਿੱਖ ਧਰਮ ਨੂੰ "ਖ਼ਾਲਸਾ"ਸਰੂਪ ਪ੍ਰਦਾਨ ਕਰਨ ਵਿੱਚ ਵਿਸਾਖੀ ਦਾ ਬਹੁਤ ਵੱਡਾ ਯੋਗਦਾਨ ਹੈ। ਵਿਸਾਖੀ ਵਾਲੇ ਦਿਨ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਧਾਰਮਿਕ, ਸਮਾਜਿਕ ਰੰਗਣ ਵਾਲੇ ਸਮਾਗਮਾਂ ਵਿਚ ਵਿਸਾਖੀ ਦਾ ਮਹਾਤਮ ਚੇਤੇ ਕੀਤਾ ਜਾਂਦਾ ਹੈ। ਪੰਜਾਬ ਅਤੇ ਹਰਿਆਣਾ ਦੇ ਪਿੰਡਾਂ ਵਿੱਚ ਵਿਸਾਖੀ ਵਾਲੇ ਦਿਨ

'ਕਣਕਾਂ ਦੀ ਮੁੱਕ ਗਈ ਰਾਖੀ, ਜੱਟਾ ਆਈ ਵਿਸਾਖੀ'

ਦੀਆਂ ਸੱਦਾਂ ਗੂੰਜਦੀਆਂ ਹਨ।
ਹੁਣ ਤਾਂ ਸਮਾਂ ਹੀ ਬੇਰਹਿਮ ਹੋ ਗਿਆ ਹੈ। ਹਰ ਬੰਦਾ ਵਕਤ ਨੂੰ ਆਪਣੇ ਉੱਪਰ ਸਵਾਰ ਕਰੀ ਬੈਠਾ ਹੈ, ਪਰ ਜਦ ਕਦੇ ਪੰਜਾਬੀ ਸਹਿਜ ਅਤੇ ਸੁਹਜ ਤੇ ਸਹਿਜ ਨਾਲ ਜਿਉਂਦੇ ਸਨ ਤਾਂ ਵਿਸਾਖੀ ਵਾਲੇ ਦਿਨ ਭੰਗੜਾ ਪਾਉਣ ਲਈ ਮਹੀਨਾ-ਮਹੀਨਾ ਪਹਿਲਾਂ ਹੀ ਢੋਲੀ ਨੂੰ ਸਾਈ ਦੇ ਕੇ ਆਪਣੇ ਪਿੰਡਾਂ ਵਿੱਚ ਭੰਗੜੇ ਦੀ ਰਿਹਰਸਲ ਕਰਿਆ ਕਰਦੇ ਸਨ। ਦੁੱਧ ਮੱਖਣਾਂ ਦੇ ਪਾਲੇ ਸਹੀ ਸੁਲੱਗ ਪੰਜਾਬੀ ਪੁੱਤਰ ਅੱਧੀ ਰਾਤ ਤੱਕ ਭੰਗੜਾ ਪਾਉਂਦੇ ਅਤੇ ਸਵੇਰੇ-ਸਵੇਰੇ ਕਣਕ ਦੀਆਂ ਭਰੀਆਂ ਬੰਨਣ ਲਈ ਪਰਾਲੀ ਦੇ ਬੇੜ ਵੱਟਦੇ। ਕੋਈ ਦਾਤਰੀਆਂ ਨੂੰ ਦੰਦੇ ਕਢਵਾਉਂਦਾ ਅਤੇ ਕੋਈ ਫਲ਼ਿਆਂ ਲਈ ਫਲਾਹੀ ਦੇ ਰੁੱਖ ਦੀਆਂ ਕੰਡੇਦਾਰ ਟਾਹਣੀਆਂ ਲੱਭਦਾ ਫਿਰਦਾ। ਜ਼ਿੰਦਗੀ ਭਰਪੂਰ ਅਰਥਾਂ ਵਾਲੀ ਸੀ।

ਵਿਸਾਖੀ 13 ਅਪ੍ਰੈਲ ਨੂੰ ਮਨਾਈ ਜਾਂਦੀ ਹੈ, ਪਰ ਹਰ 36 ਸਾਲਾਂ ਬਾਅਦ ਇਹ ਦਿਨ ਬਦਲ ਕੇ 14 ਅਪ੍ਰੈਲ ਹੋ ਜਾਂਦਾ ਹੈ। ਵੱਖ-ਵੱਖ ਸੂਬਿਆਂ ਵਿੱਚ ਇਸ ਤਿਉਹਾਰ ਨੂੰ ਵੱਖ-ਵੱਖ ਨਾਵਾਂ ਤੇ ਜਾਣਿਆ ਤੇ ਮਾਣਿਆ ਜਾਂਦਾ ਹੈ।

ਪੰਜਾਬ ਵਿੱਚ ਵਿਸਾਖੀ ਰਾਵੀ ਤੋਂ ਪਾਰ ਹੋਰ ਤਰ੍ਹਾਂ ਮਨਾਈ ਜਾਂਦੀ ਹੈ ਅਤੇ ਇਧਰ ਹੋਰ ਤਰ੍ਹਾਂ।

ਉਧਰ ਵਿਸਾਖੀ ਖਾਣ-ਪੀਣ, ਨੱਚਣ-ਗਾਉਣ ਅਤੇ ਗੀਤ-ਸੰਗੀਤ ਨੂੰ ਸਾਹਾਂ-ਸਵਾਸਾਂ ਵਿੱਚ ਵਸਾਉਣ ਦਾ ਨਾਂਅ ਹੈ, ਜਦ ਕਿ ਇਧਰਲੇ ਪੰਜਾਬ ਵਿਚ ਬਹੁਤੇ ਲੋਕ ਵਗਦੇ ਦਰਿਆਵਾਂ ਕੰਢੇ ਜਾ ਬੈਠਦੇ ਹਨ। ਇਸ਼ਨਾਨ ਕਰਦੇ ਹਨ।

ਮੈਨੂੰ ਬਚਪਨ ਵਿਚ ਆਪਣੇ ਨੇੜਲੇ ਪਿੰਡ ਧਿਆਨਪੁਰ (ਗੁਰਦਾਸਪੁਰ)ਦੀ ਵਿਸਾਖੀ ਯਾਦ ਆ ਰਹੀ ਹੈ। ਸਾਡੇ ਪਿੰਡ ਬਸੰਤਕੋਟ ਤੋਂ ਭੰਗੜੇ ਦੀ ਟੀਮ ਜਦ ਧਿਆਨਪੁਰ ਅੱਪੜਦੀ ਤਾਂ ਚੰਦੂ ਸੂਜੇ ਵਾਲੇ ਪਾਸਿਉਂ ਗਿੱਲਾਂ ਵਾਲੀਏ ਢੋਲ ਵਜਾਉਂਦੇ ਤੁਰੇ ਆਉਂਦੇ ਦਿਸਦੇ। ਇਕ ਪਾਸੇ ਕੋਟਲੀ ਸੂਰਤ ਮੱਲ੍ਹੀ ਵਾਲੇ ਆਪਣੇ ਲਾਮ ਲਸ਼ਕਰ ਨਾਲ ਤੁਰੇ ਆਉਂਦੇ। ਵੱਖ-ਵੱਖ ਪਿੰਡਾਂ ਤੋਂ ਅਨੇਕਾਂ ਭੰਗੜਾ ਟੀਮਾਂ ਇਕ ਥਾ ਇਕੱਠੀਆਂ ਹੁੰਦੀਆਂ। ਗੱਲ ਦਾਇਰੇ ਵਿੱਚ ਨੱਚ-ਟੱਪ ਕੇ ਟੋਲੀਆਂ ਹਾਰ-ਹੰਭ ਜਾਂਦੀਆਂ। ਸਿਆਲਕੋਟੀ ਭੰਗੜੇ ਵਾਲੀਆਂ ਚਾਲਾਂ ਦੀ ਸਰਦਾਰੀ ਹੁੰਦੀ। ਬਾਅਦ ਵਿੱਚ ਪਤਾ ਲੱਗਾ ਹੈ ਕਿ ਇਸ ਦਾ ਕਾਰਨ ਰਾਵੀ ਪਾਰੋਂ ਉੱਜੜ ਕੇ ਆਏ ਬਹੁਤੇ ਸਿਆਲਕੋਟੀਏ ਇਸੇ ਇਲਾਕੇ ਵਿੱਚ ਵੱਸੇ ਹੋਣ ਕਾਰਨ ਭੰਗੜੇ ਦਾ ਸੁਭਾਅ ਵੀ ਉਹਨਾਂ ਮੁਤਾਬਿਕ ਹੀ ਬਣ ਗਿਆ।

ਉਦੋਂ ਅਜੇ ਸਟੇਜਾਂ ਵਾਲੇ ਭੰਗੜੇ ਨਹੀਂ ਸਨ ਸ਼ੁਰੂ ਹੋਏ। ਟੀਮਾਂ ਵਿੱਚ ਅਣਦਾੜ੍ਹੀਏ ਮੁੰਡੇ ਹੀ ਮੁਟਿਆਰਾਂ ਦੇ ਭੇਸ ਵਿੱਚ ਹੁੰਦੇ। ਭੰਗੜੇ ਵਾਲਿਆਂ ਦੇ ਵਸਤਰ ਵੀ ਵਰਦੀ ਵਰਗੇ ਨਹੀਂ ਸਨ ਹੁੰਦੇ। ਪੈਰਾਂ ਵਿੱਚ ਮੋਟੇ-ਮੋਟੇ ਘੁੰਗਰੂ, ਉਹ ਵੀ ਬਲਦਾਂ ਦੇ ਗਲੋਂ ਉਤਾਰੇ ਹੁੰਦੇ। ਸ਼ੀਸ਼ਾ ਮੋਚਨਾ ਤੇ ਹੋਰ ਨਿਕ-ਸੁਕ ਚੁੱਕੀ ਫਿਰਦੇ। ਹੱਥਾਂ ਵਿੱਚ ਹੁਣ ਦੇ ਫੁਕਰਿਆਂ ਵਾਂਗ ਬੰਦੂਕਾਂ ਨਹੀਂ, ਡਾਂਗ ਸੋਟਾ ਹੀ ਹੁੰਦਾ, ਪਰ ਇਹ ਮਾਰਨ ਲਈ ਨਹੀਂ ਸਿਰਫ ਦਿਖਾਉਣ ਲਈ । ਹਜ਼ਾਰਾਂ ਦੀ ਗਿਣਤੀ ਵਾਲੇ ਮੇਲੇ ਵਿੱਚ ਕੋਈ ਇੱਕ –ਅੱਧਾ ਹੀ ਸ਼ਰਾਬੀ ਹੁੰਦਾ, ਜਿਸ ਨੂੰ ਡੇਰਾ ਬਾਬਾ ਨਾਨਕ ਤੋਂ ਆਏ ਠਾਣੇ ਵਾਲੇ ਖ਼ੂਬ ਥਾਪੜਦੇ ਅਤੇ ਉੱਚੀ ਥਾਂ ਤੇ ਉਸ ਨੂੰ ਆਪਣੇ ਮੂੰਹ ਤੇ ਆਪੇ ਹੀ ਚਪੇੜਾਂ ਮਾਰਨ ਦਾ ਆਦੇਸ਼ ਦਿੰਦੇ।

ਮੇਰੇ ਮਨ ਅੰਦਰ ਸ਼ਰਾਬੀਆਂ ਪ੍ਰਤੀ ਬੈਠੀ ਨਫ਼ਰਤ ਬਚਪਨ ਵੇਲੇ ਵੇਖੀ ਇਸ ਝਾਕੀ ਕਾਰਨ ਅੱਜ ਵੀ ਜਿਊਂਦੀ ਜਾਗਦੀ ਹੈ।

ਇਤਿਹਾਸ ਦਾ ਇੱਕ ਕੌੜਾ ਵਰਕਾ ਵਿਸਾਖੀ ਨਾਲ ਸਬੰਧਤ ਅੰਮ੍ਰਿਤਸਰ ਵਿਖੇ ਵੀ ਪ੍ਰਕਾਸ਼ਮਾਨ ਹੈ। ਜੱਲ੍ਹਿਆਂ ਵਾਲਾ ਬਾਗ

ਉਹ ਵਰਕਾ ਹੈ, ਜਿਸ ਵਿਚੋਂ ਅੱਜ ਵੀ ਲਾਟਾਂ ਨਿਕਲਦੀਆਂ ਹਨ।ਜਲਿਆਂਵਾਲੇ ਬਾਗ ਦਾ ਇੱਕੋ-ਇਕ ਰਸਤਾ ਬੰਦ ਕਰਕੇ ਹਜ਼ਾਰਾਂ ਪੰਜਾਬੀ ਮੱਕੀ ਦੇ ਦਾਣਿਆਂ ਵਾਂਗ ਭੁੰਨ ਸੁੱਟੇ। ਬਾਗ ਵਿਚਲਾ ਖੂਹ ਲਾਸ਼ਾਂ ਨਾਲ ਭਰ ਗਿਆ ਤੇ ਕੰਧਾਂ ਗੋਲੀਆਂ ਨਾਲ ਛਾਨਣੀ ਹੋ ਗਈਆਂ। ਜਨਰਲ ਡਾਇਰ ਦੀਆਂ ਗੋਲੀਆਂ ਅੱਜ ਵੀ ਵਿਸਾਖੀ ਵਾਲੇ ਦਿਨ ਸਮੂਹ ਪੰਜਾਬੀਆਂ ਦੀ ਹਿੱਕ ਵਿੱਚ ਠਾਹ-ਠਾਹ ਵੱਜਦੀਆਂ ਸੁਣ ਸਕਦੇ ਹੋ।

ਦੇਸ਼ ਭਗਤਾਂ ਨੂੰ ਇਹ ਇਨਾਮ ਦੇਣ ਵਾਲੇ ਫਰੰਗੀ ਨੂੰ ਸ਼ਹੀਦ ਊਧਮ ਸਿੰਘ ਨੇ ਬਦਲਾ ਪਰਤਾਉਣ ਦੀ ਕਸਮ ਇਸੇ ਸਥਾਨ ਤੇ ਹੀ ਖਾਧੀ ਸੀ। ਇਸੇ ਵਿਸਾਖੀ ਦਾ ਰੱਤੜਾ ਨਿਸ਼ਾਨ ਸ਼ਹੀਦ ਭਗਤ ਸਿੰਘ ਨੇ 12 ਸਾਲ ਦੀ ਉਮਰ ਲਾਹੌਰੋਂ ਆ ਕੇ ਲਹੂ ਭਿੱਜੀ ਮਿੱਟੀ ਨੂੰ ਸ਼ੀਸ਼ੀ ਵਿੱਚ ਸੰਭਾਲ ਕੇ ਰੱਖਿਆ। ਇਹ ਲਹੂ ਭਿੱਜੀ ਮਿੱਟੀ ਅੱਜ ਵੀ ਖਟਕੜ ਕਲਾਂ ਦੇ ਅਜਾਇਬ ਘਰ ਵਿੱਚ ਸੁਰੱਖਿਅਤ ਪਈ ਵੇਖ ਸਕਦੇ ਹੋ।

ਵਿਸਾਖੀ ਸਿਰਫ ਰੀਝਾਂ ਦਾ ਤਿਉਹਾਰ ਨਹੀਂ। ਆਪਣੇ-ਆਪ ਨੂੰ ਨਿਰਖਣ-ਪਰਖਣ ਅਤੇ ਆਪਣੀਆਂ ਸ਼ਕਤੀਆਂ ਨੂੰ ਜਾਚਣ ਦਾ ਤਿਉਹਾਰ ਹੈ, ਕਿਉਂਕਿ ਸਿਆਲਦੀ ਆਲਸੀ ਜ਼ਿੰਦਗੀ ਨੇ ਨਵੇਂ ਫੁਟਾਰੇ ਨਾਲ ਨਵੇਂ ਸੁਪਨਿਆਂ ਨੂੰ ਮਾਣਨਾ ਹੁੰਦਾ ਹੈ। ਪਹਿਲਾਂ ਬੀਜੇ ਨੂੰ ਵੱਢਣਾ ਅਤੇ ਨਵੇਂ ਨੂੰ ਬੀਜਣਾ। ਇਸ ਤਿਉਹਾਰ ਦੇ ਦੋ ਸਿਰੇ ਹਨ। ਹਾੜ•ੀ ਦੀਆਂ ਫ਼ਸਲਾਂ ਵਿਚ ਕਣਕ ਦੀ ਸਰਦਾਰੀ ਕਾਰਨ ਵਿਸਾਖੀ ਨਾਲ ਸਬੰਧਤ ਬਹੁਤੇ ਗੀਤ ਕਣਕ ਦੇ ਦੁਆਲੇ ਘੁੰਮਦੇ ਹਨ। ਕਣਕ ਨੂੰ ਸੰਸਕ੍ਰਿਤ ਵਿਚ ਸੋਨਾ ਵੀ ਆਖਦੇ ਹਨ ਅਤੇ ਵਿਸਾਖੀ ਨੂੰ ਸੋਨੇ ਦੀ ਵਾਢੀ ਦਾ ਤਿਉਹਾਰ।

ਪੰਜਾਬੀ ਇਸ ਦਿਹਾੜੇ ਕਿਰਤ ਸੱਭਿਆਚਾਰ ਨਾਲ ਜੁੜਨ, ਇਹੀ ਆਸ ਤੇ ਅਰਦਾਸ ਹੈ।

## ਅੱਜ ਜ਼ਿਦਗੀ 'ਚ ਪਹਿਲੀ ਵਾਰ ਬੇਬੇ ਨੂੰ ਗੁਰਦੁਆਰੇ ਜਾਣ ਤੋਂ ਵਰਜਣ ਦੀ ਹਿਮਾਕਤ ਕੀਤੀ

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

ਮੈਂ ਲੱਗਭਗ 43 ਸਾਲ ਦਾ ਹੋ ਚੁੱਕਿਆਂ ਹਾਂ। ਘਟਨਾਵਾਂ ਜਾਂ ਗੱਲਾਂ ਯਾਦ ਰੱਖਣ ਦੀ ਸੋਝੀ 08 ਕੁ ਸਾਲ ਦੀ ਉਮਰ ਵਿੱਚ ਆ ਹੀ ਗਈ ਹੋਣੀ। ਇਸ ਹਿਸਾਬੇ 35 ਕੁ ਸਾਲ ਤੋਂ ਬੇਬੇ ਨੂੰ ਬਿਨਾਂ ਕੋਈ ਨਾਗਾ ਤੜਕੇ ਹੀ 04:00 ਤੋਂ 05:00 ਵਜੇ ਵਿਚਕਾਰ ਗੁਰੁਦਆਰੇ ਜਾਂਦੇ ਵੇਖ ਰਿਹਾ ਹਾਂ। ਮੋਹਲੇਧਾਰ ਬਾਰਿਸ਼ਾਂ, ਗੜੇਮਾਰੀਆਂ ਤੇ ਤੇਜ਼ ਨ੍ਹੇਰੀਆ ਦੌਰਾਨ ਵੀ। ਕਈ ਵਾਰ ਗੁਰਬਾਣੀ ਅਨੁਸਾਰ ਜੀਵਨ ਜਾਚ ਨੂੰ ਲੈ ਕੇ ਬਹਿਸ ਤਾਂ ਹੁੰਦੀ ਰਹੀ ਪਰ ਮਹਿਜ ਮਜ਼ਾਕੀਆ ਲਹਿਜੇ ਵਿੱਚ। ਮੁੱਕਦੀ ਗੱਲ ਬੇਬੇ ਦਾ ਗੁਰੂਘਰ ਜਾਣਾ ਨਿਰੰਤਰ ਜਾਰੀ ਹੈ।

ਹੁਣ ਕੱਲ੍ਹ (13 ਅਪ੍ਰੈਲ 2026) ਦੀ ਸ਼ਾਮ ਤੋਂ ਹੀ ਸ਼ੋਸ਼ਲ-ਮੀਡੀਆ ਵਗੈਰਾ 'ਤੇ ਬੇਅਦਬੀ ਬਾਰੇ ਬਣੇ ਕਾਨੂੰਨ ਸਬੰਧੀ ਪੋਸਟਾਂ ਵੇਖ ਵੇਖ/ਪੜ੍ਹ ਪੜ੍ਹ ਕੇ ਮਨ ਵਿੱਚ ਕਈ ਤਰ੍ਹਾਂ ਦੇ ਸਕਾਰਾਤਮਕ ਤੇ ਨਕਾਰਾਤਮਕ ਵਿਚਾਰ ਖੌਰੂ ਪਾ ਰਹੇ ਹਨ। ਇਨ੍ਹਾਂ ਦੇ ਚਲਦਿਆਂ ਹੀ ਸਵੇਰੇ ਕੰਮ ਲਈ ਤਿਆਰ ਹੁੰਦੇ ਨੂੰ ਬੇਬੇ ਆਰਾਮ ਕਰਨ ਦੀ ਅਵਸਥਾ ਵਿੱਚ ਸੋਫ਼ਿਆ 'ਤੇ ਬੈਠੀ ਦਿੱਸੀ (ਗੁਰੂਦੁਆਰੇ ਤੋਂ ਆਉਣ ਤੋਂ ਬਾਅਦ ਰੋਜ਼ਾਨਾ ਵਾਂਗ)। ਵਿਚਾਰਾਂ ਦੀ ਚੱਲ ਰਹੀ ਲੜੀ ਵਿੱਚ ਅਚਾਨਕ ਸਿਰਫ਼ ਬੇਬੇ ਬਾਰੇ ਫਿਕਰਮੰਦ ਖਿਆਲ ਆਉਣੇ ਸ਼ੁਰੂ ਹੋ ਗਏ ਕਿਉਂਕਿ ਬੇਬੇ ਦਾ ਜਜ਼ਬਾਤਾਂ 'ਤੇ ਕੰਟਰੋਲ ਆਮ ਵਰਗਾ ਨਹੀਂ ਹੈ। ਖ਼ਾਸ ਕਰਕੇ ਸ਼ਰਧਾ ਦੇ ਮਾਮਲੇ ਵਿੱਚ। ਇਸੇ ਕਰਕੇ ਖ਼ਤਰਾ ਮਹਿਸੂਸ ਹੋਇਆ ਕਿ ਕਿਧਰੇ ਗੁਰੂਘਰ ਅੰਦਰ ਸ਼ਰਧਾ ਵਿੱਚ ਲੀਨ ਹੋਈ ਦੀ ਚੁੰਨੀ ਸਿਰ ਤੋਂ ਲਹਿ ਗਈ ਤੇ ਬੇਬੇ ਨੂੰ ਦੁਬਾਰਾ ਠੀਕ ਕਰਨ ਦਾ ਪਤਾ ਹੀ ਨਾ ਲੱਗਾ, ਪਰਿਕਰਮਾ ਕਰਨ ਲੱਗੀ ਕਿਤੇ ਸ਼ਰਧਾ ਦੇ ਸ਼ਿਖਰਾਂ ਪਹੁੰਚੀ ਬੀੜ ਸਾਹਿਬ ਨੂੰ ਹੱਥ ਲਾ ਕੇ ਮੱਥਾ ਨਾ ਟੇਕਣ ਲੱਗ ਜਾਵੇ ਜਾਂ ਕੋਈ ਮੇਰਾ ਹੀ ਵਿਰੋਧੀ ਕਿਸੇ ਤਰ੍ਹਾਂ ਦੀ ਸਾਜਿਸ਼ ਨਾ ਰਚ ਦੇਵੇ ਤੇ ਅਜਿਹਾ ਹੀ ਹੋਰ ਵੀ ਬਹੁਤ ਕੁਝ। ਸੋ ਅੱਜ ਜ਼ਿੰਦਗੀ 'ਚ ਪਹਿਲੀ ਵਾਰ ਉਸਨੂੰ ਘਰੇ ਬੈਠ ਕੇ ਹੀ ਰੱਬ ਰੱਬ ਕਰ ਲੈਣ ਬਾਰੇ ਥੋੜ੍ਹਾ ਸਖ਼ਤੀ ਨਾਲ਼ ਸਲਾਹ ਦਿੱਤੀ ਹੈ। ਜਿਸਨੂੰ ਬਿਨਾਂ ਸ਼ੱਕ ਉਹਨੇ ਸੌਖਿਆਂ ਨਹੀਂ ਮੰਨਣਾਂ ਪਰ ਮੈਂ ਕੋਸ਼ਿਸ਼ ਜਾਰੀ ਰੱਖਾਂਗਾ।

ਆਪਣੇ ਹੁਣ ਤੱਕ ਦੇ ਧਾਰਮਿਕ ਸਥਾਨਾਂ ਨਾਲ਼ ਸਬੰਧਤ ਮਰਦਾਂ ਬਾਰੇ ਵੇਖੇ/ਸੁਣੇ/ਪੜ੍ਹੇ ਤਜਰਬਿਆਂ ਦੇ ਆਧਾਰ 'ਤੇ ਪਤਨੀ ਤੇ ਧੀਆਂ ਨੂੰ ਪਹਿਲਾਂ ਹੀ ਕਿਸੇ ਵੀ ਧਾਰਮਿਕ ਸਥਾਨ 'ਤੇ ਉਚੇਚ ਵਜੋਂ ਨਾ ਜਾਣ ਪ੍ਰਤੀ ਸਫ਼ਲਤਾਪੂਰਵਕ ਸਮਝਾਇਆ ਹੋਇਆ ਹੈ। ਜੋ ਇਸ ਨੂੰ ਹੁਕਮ ਨਹੀਂ ਬਲਕਿ ਨੇਕ ਸਲਾਹ ਮੰਨ ਕੇ ਚਿਰਾਂ ਤੋਂ ਅਪਣਾ ਚੁੱਕੀਆਂ ਹਨ। ਜਿਸ ਲਈ ਮੈਨੂੰ ਆਪਣੇ ਆਪ 'ਤੇ ਇੰਨਾ ਕੁ ਮਾਣ ਹੈ ਕਿ ਕਈ ਵਾਰ ਆਪਣੀ ਹੀ ਪਿੱਠ ਥਪ-ਥਪਾਉਣ ਨੂੰ ਜੀਅ ਕਰ ਉਠਦਾ ਹੈ।

## ਸੱਚ ਕਹਿਣਾ ਛੱਡ ਦੇ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਲੋਕੀਂ ਕਹਿੰਦੇ ਨੇ ਰੰਮੀ
ਤੂੰ ਸੱਚ ਕਹਿਣਾ ਛੱਡ ਦੇ
ਕਿਉਂ ਕੀ ਗੁਨਾਹ ਕਰਦੀ ਹਾਂ ਮੈਂ
ਨਹੀਂ ਇਹ ਨਹੀਂ ਕਰ ਸਕਦੀ ਮੈਂ
ਮੇਰੀ ਜ਼ਮੀਰ ਮਰੀ ਨਹੀਂ ਅਜੇ
ਮੇਰੇ ਅੰਦਰ ਇਨਸਾਨੀਅਤ ਹੈ
ਨਹੀਂ ਕਰ ਸਕਦੀ ਇਸ ਤਰਾਂ ਮੈਂ
ਆਪਣੀ ਜ਼ਮੀਰ ਨਾਲ ਸਮਝੋਤਾ
ਨਹੀਂ ਕਰ ਸਕਦੀ ਮੈਂ
ਕੀ ਫਾਇਦਾ ਸਾਡੇ ਪੜ੍ਹਣ ਲਿਖਣ ਦਾ
ਅਗਰ ਸੱਚ ਕਹਿ ਸੁਣ ਨਹੀਂ ਸਕਦੇ
ਹੋਰ ਹੁੰਦੇ ਹੋਣਗੇ ਉਹ ਜਿਹਨਾਂ ਦੀਆਂ
ਜ਼ਮੀਰਾਂ ਮਰੀਆਂ ਹੁੰਦੀਆਂ ਨੇ
ਚਿਹਰੇ ਤੇ ਨਕਾਬ ਪਾਏ ਹੋਏ ਨੇ ਉਹਨਾਂ
ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਨੇ ਉਹ
ਜਿਹਨਾਂ ਦੀਆਂ ਜ਼ਮੀਰਾਂ ਮਰੀਆਂ ਹੁੰਦੀਆਂ ਨੇ
ਇਨਸਾਨੀਅਤ ਨਾਮ ਦੀ ਚੀਜ਼ ਵੀ
ਉਹਨਾਂ ਵਿੱਚ ਨਹੀਂ ਹੁੰਦੀ
ਉਹਨਾਂ ਦੀ ਕਹਿਣੀ ਕਥਨੀ 'ਚ
ਫ਼ਰਕ ਹੁੰਦਾ ਹੈ
ਨਹੀਂ ਤੇ ਮੇਰੀ ਕਲਮ ਨੇ
ਕੁਰਲਾ ਉੱਠਣਾ ਹੈ ਇਕ ਦਿਨ
ਕਹੇਗੀ ਕੀ ਗੱਲ ਹੁਣ ਤੂੰ
ਸੱਚ ਕਹਿਣਾ ਛੱਡ ਤਾ
ਤੇਰੀ ਜ਼ਮੀਰ ਨੂੰ ਹੁਣ ਕੀ ਹੋ ਗਿਆ
ਦੁਨੀਆਂ ਤੇ ਕਦੀ ਵੀ ਕਿਸੇ ਨੂੰ
ਟਿਕਣ ਨਹੀਂ ਦਿੰਦੀ
ਫਿਰ ਕਿਸੇ ਲਈ ਆਪਣੀ
ਆਦਤ ਕਿਉਂ ਬਦਲਾਂ ਮੈਂ
ਹਾਂ ਸੱਚ ਤੇ ਹਮੇਸ਼ਾਂ ਪਹਿਰਾ ਦਿਆਂਗੀ ਮੈਂ
ਸੱਚ ਕਹਿਣਾ , ਸੁਨਣਾ ਤੇ ਲਿਖਣਾ
ਕਦੀ ਨਹੀਂ ਛੱਡਾਂਗੀ ਹੁਣ ਮੈਂ।

## ਇੱਕ ਲੇਖਕ ਨੂੰ ਆਪਣੀਆਂ ਲਿਖਤਾਂ ਵਰਗਾ ਹੋਣਾ ਚਾਹੀਦਾ ਹੈ!

ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਇੱਕ ਲੇਖਕ ਜੋ ਆਪਣੀਆਂ ਲਿਖਤਾਂ ਵਿੱਚ ਚੰਗੀਆਂ ਗੱਲਾਂ ਲਿਖਦਾ ਹੈ, ਉਹ ਜ਼ਰੂਰੀ ਨਹੀਂ ਕਿ ਅਸਲ ਜ਼ਿੰਦਗੀ ਵਿੱਚ ਇੱਕ ਚੰਗਾ ਇਨਸਾਨ ਹੋਵੇ। ਮੈਂ ਬਹੁਤ ਸਾਰੇ ਮਸ਼ਹੂਰ ਲੇਖਕ ਦੇਖੇ ਹਨ ਜੋ ਮਹਾਨ ਲੇਖਕ ਹਨ ਪਰ ਛੋਟੇ ਲੋਕ ਹਨ। ਉਹ ਆਪਣੀ ਸੂਝ-ਬੂਝ, ਸ਼ੁੱਧਤਾ, ਸੰਵੇਦਨਸ਼ੀਲਤਾ ਅਤੇ ਭਾਵਨਾਵਾਂ ਨਾਲ ਭਰੇ ਸ਼ਬਦਾਂ ਅਤੇ ਵਾਕਾਂ ਨਾਲ ਪਾਠਕਾਂ ਦੀ ਆਤਮਾ ਨੂੰ ਛੂਹ ਲੈਂਦੇ ਹਨ। ਅਜਿਹਾ ਲੱਗਦਾ ਹੈ ਕਿ ਉਹ ਅਸਮਾਨ ਤੋਂ ਉਤਰੇ ਦ੍ਰਿਸ਼ ਹਨ, ਪਰ ਉਹ ਆਪਣੀ ਨਿੱਜੀ ਜ਼ਿੰਦਗੀ ਵਿੱਚ ਗੈਰ-ਮਿਆਰੀ ਗੱਲ ਕਰਦੇ ਹਨ। ਇੱਕ ਵਿਅਕਤੀ ਦੇ ਅੰਦਰ ਬਹੁਤ ਸਾਰੇ ਲੋਕ ਹੁੰਦੇ ਹਨ। ਜਦੋਂ ਪਰਤਾਂ ਨੂੰ ਹਟਾਉਣ ਜਾਂ ਹਟਾਉਣ ਵਾਲੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਤੁਸੀਂ ਇਸਨੂੰ ਜਾਣਦੇ ਹੋ। ਤਿੰਨ ਤਰ੍ਹਾਂ ਦੇ ਲੇਖਕ ਖੋਜੇ ਗਏ ਹਨ। ਇੱਕ ਉਸੇ ਤਰ੍ਹਾਂ ਲਿਖਦਾ ਹੈ। ਦੂਜਾ ਉਸੇ ਤਰ੍ਹਾਂ ਲਿਖਦਾ ਹੈ। ਤੀਜਾ ਮਿਸ਼ਰਣ ਤੋਂ ਹੈ।
ਲੇਖਕ ਜੋ ਬਿਨਾਂ ਗਲਤੀਆਂ ਦੇ ਸੈਂਕੜੇ ਸ਼ਬਦ ਲਿਖਦੇ ਹਨ, ਉਹ ਵਾਕਫੀਅਤ ਵਿੱਚ ਅਸਫਲ ਰਹਿੰਦੇ ਹਨ। ਉਹ ਲੋਕਾਂ ਦੇ ਸਾਹਮਣੇ ਕੁਝ ਵਾਕ ਉੱਚ ਗੁਣਵੱਤਾ ਵਾਲੀ ਆਵਾਜ਼ ਨਾਲ ਨਹੀਂ ਬੋਲ ਸਕਦੇ। ਇਸ ਦੇ ਉਲਟ, ਇੱਕ ਅਦਾਕਾਰ ਜੋ ਲੇਖਕ ਨਹੀਂ ਹੈ ਪਰ ਲੇਖਕ ਦੇ ਵਾਕਾਂ ਨਾਲ ਕੰਮ ਕਰਦਾ ਹੈ, ਮੌਖਿਕ ਪ੍ਰਗਟਾਵੇ ਰਾਹੀਂ ਮਨੁੱਖੀ ਨਾੜਾਂ 'ਤੇ ਡੂੰਘੀ ਛਾਪ ਛੱਡਦਾ ਹੈ। ਬਹੁਤ ਘੱਟ ਲੇਖਕ ਹਨ ਜੋ ਲਿਖਦੇ ਹੋਏ ਬੋਲਦੇ ਹਨ ਅਤੇ ਆਮ ਜ਼ਿੰਦਗੀ ਵਿੱਚ ਉਨ੍ਹਾਂ ਦੀਆਂ ਲਿਖਤਾਂ ਵਾਂਗ ਜੀਉਂਦੇ ਹਨ। ਦੂਜੇ ਦਰਜੇ ਦੇ ਲੇਖਕ ਜਿਨ੍ਹਾਂ ਦੀ ਕਵਿਤਾ ਅਤੇ ਲਿਖਤਾਂ ਮਨੁੱਖੀ ਕਦਰਾਂ-ਕੀਮਤਾਂ ਨੂੰ ਪ੍ਰਗਟ ਕਰਦੀਆਂ ਹਨ, ਪਰ ਨਿੱਜੀ ਤੌਰ 'ਤੇ ਉਹ ਲਾਲਚੀ ਅਤੇ ਬਦਮਾਸ਼ ਹਨ। ਕਾਰਨ ਇਹ ਹੈ ਕਿ ਉਨ੍ਹਾਂ ਦੇ ਦਿਮਾਗ ਦਾ ਇੱਕ ਕਲਮ ਵਾਲਾ ਹਿੱਸਾ ਸੁੰਦਰ ਹੈ ਅਤੇ ਦੂਜਾ ਵਿਹਾਰਕ ਹਿੱਸਾ ਘਟੀਆ ਹੈ। ਅਜਿਹਾ ਲਗਦਾ ਹੈ ਕਿ ਉਹ ਕਲਮ ਰਾਹੀਂ ਸਾਰੀ ਚੰਗਿਆਈ ਨੂੰ ਕਾਗਜ਼ 'ਤੇ ਪਾਉਂਦੇ ਹਨ ਅਤੇ ਆਮ ਜੀਵਨ ਵਿੱਚ ਚੰਗਿਆਈ ਤੋਂ ਵਾਂਝੇ ਹੋ ਜਾਂਦੇ ਹਨ। ਉਨ੍ਹਾਂ ਦੀ ਇਮਾਨਦਾਰੀ ਸਵਾਰਥੀ ਦੌਲਤ ਅਤੇ ਪ੍ਰਸਿੱਧੀ ਲਈ ਹੈ, ਯਾਨੀ ਕਿ ਉਹ ਨਕਲੀ ਦਿਆਲਤਾ ਨਾਲ ਕੰਮ ਕਰਦੇ ਹਨ। ਇਹ ਕਲਾਕਾਰ ਵੱਡੇ ਹਨ ਪਰ ਆਦਮੀ ਛੋਟੇ ਹਨ। ਉਹ ਕੈਮਰੇ ਦੇ ਸਾਹਮਣੇ ਬਹੁਤ ਪ੍ਰਭਾਵਸ਼ਾਲੀ ਅਤੇ ਕੀਮਤੀ ਕੰਮ ਕਰਦੇ ਹਨ, ਪਰ ਪਰਮਾਤਮਾ ਦੇ ਕੈਮਰਿਆਂ ਦੇ ਸਾਹਮਣੇ, ਉਹ ਵਿਹਾਰਕ ਤੌਰ 'ਤੇ ਇੱਕ ਵੱਡੇ ਆਦਮੀ ਵਾਂਗ ਕੰਮ ਕਰਦੇ ਹਨ। ਉਹ ਆਪਣੀਆਂ ਭਾਵਨਾਵਾਂ ਵਿੱਚ ਛੋਟੇ ਤਰੀਕੇ ਨਾਲ ਵਿਵਹਾਰ ਕਰਦੇ ਹਨ। ਮਨੁੱਖਾਂ ਵਿੱਚ ਬਹੁਤ ਸਾਰੇ ਅਦਾਕਾਰ ਹਨ, ਪਰ ਅਦਾਕਾਰਾਂ ਵਿੱਚ ਬਹੁਤ ਘੱਟ ਇਨਸਾਨ ਹਨ। ਹਰੇਕ ਵਿਅਕਤੀ ਨੇ ਆਪਣਾ ਤਰੀਕਾ ਅਤੇ ਚੰਗਿਆਈ ਦੀ ਮਾਤਰਾ ਨਿਰਧਾਰਤ ਕੀਤੀ ਹੈ, ਜੋ ਕਿ ਨਸਲੀ ਗੁਣ ਦੀ ਜਾਣ-ਪਛਾਣ ਹੈ। ਕੁਝ ਲੋਕ ਸਿਰਫ ਇੰਨੇ ਚੰਗੇ ਹਨ ਕਿ ਉਨ੍ਹਾਂ ਤੋਂ ਕਿਸੇ ਨੂੰ ਲਾਭ ਨਹੀਂ ਹੁੰਦਾ ਪਰ ਕੋਈ ਨੁਕਸਾਨ ਵੀ ਨਹੀਂ ਹੁੰਦਾ। ਉਹ ਇਸ ਤੋਂ ਸੰਤੁਸ਼ਟ ਹਨ। ਕੁਝ ਕੋਲ ਸਹਿਣਸ਼ੀਲਤਾ ਅਤੇ ਭਰਮ ਦੀ ਬਹੁਤ ਸਮਰੱਥਾ ਹੁੰਦੀ ਹੈ। ਲਾਭ ਦੇ ਕੇ, ਉਹ ਆਪਣੇ ਕੰਮਾਂ ਵਿੱਚ ਇਨਾਮ ਵਜੋਂ ਨੁਕਸਾਨ ਨੂੰ ਬਚਾਉਂਦੇ ਹਨ। ਇਸ ਕਿਰਿਆ ਦੇ ਇਨਾਮ ਦੀ ਸੁੰਦਰਤਾ ਨੂੰ ਬਿਆਨ ਕਰਨ ਦੀ ਮੇਰੀ ਸਮਰੱਥਾ ਤੋਂ ਪਰੇ ਹੈ ਕਿਉਂਕਿ ਇਹ ਇੱਕ ਬ੍ਰਹਮ ਮਾਮਲਾ ਬਣ ਜਾਂਦਾ ਹੈ।

ਕਲਾ ਵੇਚਣ ਵਾਲੇ ਲੋਕ ਕਿਸੇ ਨੂੰ ਮੁਫਤ ਵਿੱਚ ਉਪਲਬਧ ਹੋਣਾ ਨੁਕਸਾਨ ਸਮਝਦੇ ਹਨ। ਪ੍ਰਸਿੱਧੀ ਤੋਂ ਦੁਨੀਆਂ ਕਮਾਉਣ ਵਾਲਿਆਂ ਨੂੰ ਇਹ ਸੋਚਣ ਤੋਂ ਪਹਿਲਾਂ ਕਿ ਉਹ ਮਨੁੱਖਤਾ ਕਮਾ ਰਹੇ ਹਨ, ਉਨ੍ਹਾਂ ਨੂੰ ਮਾਮਲਿਆਂ ਦੇ ਤੱਕੜੀ ਵਿੱਚ ਤੋਲਿਆ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਸ਼ਬਦਾਂ ਅਤੇ ਉਨ੍ਹਾਂ ਦੇ ਸਾਰ ਵਿਚਕਾਰ ਵਿਰੋਧਾਭਾਸ ਸਪੱਸ਼ਟ ਹੋ ਸਕੇ। ਸਮਾਜ ਨੂੰ ਨਕਲੀ ਤੌਰ 'ਤੇ ਅਦਾਕਾਰੀ ਰਾਹੀਂ ਰੰਗਣ ਨਾਲ, ਕੋਈ ਨਾਮ ਕਮਾ ਸਕਦਾ ਹੈ, ਪਰ ਇਨਾਮ ਨਹੀਂ, ਕਿਉਂਕਿ ਇੱਕ ਅਸਲੀ ਭੂਮਿਕਾ ਨਿਭਾਉਣ ਨਾਲ ਉੱਚ ਮਾਣ ਅਤੇ ਉੱਚ ਮਿਆਰ ਮਿਲਦਾ ਹੈ। ਅਜਿਹੇ ਚਰਿੱਤਰ ਵਾਲੇ ਲੋਕਾਂ ਦੀ ਮੌਤ ਤੋਂ ਬਾਅਦ ਵੀ, ਉਨ੍ਹਾਂ ਦੇ ਚੰਗੇ ਕੰਮਾਂ ਨੂੰ ਲਿਖਣ ਵਾਲੇ ਦੂਤਾਂ ਨੂੰ ਇੱਕ ਵੀ ਛੁੱਟੀ ਨਹੀਂ ਮਿਲਦੀ। ਕਿਰਿਆ ਦੀ ਇੱਕ ਬੂੰਦ ਗਿਆਨ ਦੇ ਸਮੁੰਦਰ ਨਾਲੋਂ ਵੱਧ ਕੀਮਤੀ ਹੈ। ਇਹ ਸੰਸਾਰ ਬਹੁਤ ਹੈਰਾਨੀਜਨਕ ਅਤੇ ਰਹੱਸਮਈ ਹੈ। ਇੱਥੇ, ਬਹੁਗਿਣਤੀ ਵਿੱਚ ਚੰਗਿਆਈ ਦੇ ਪਿੱਛੇ ਕਮਾਈ ਛੁਪੀ ਹੋਈ ਹੈ, ਜਿਸਦਾ ਸਿਧਾਂਤ ਹੈ ਕਿ ਪੈਸਾ ਚੰਗਾ ਹੈ ਜਾਂ ਮਾੜਾ। ਮੇਰੇ ਅਨੁਸਾਰ, ਦੁਨੀਆ ਦੀ ਦੌਲਤ ਇੱਕ ਪਰੀਖਿਅਕ ਹੈ ਜੋ ਪਰਮਾਤਮਾ ਦੇ ਮਨੁੱਖੀ ਵਿਸ਼ਵਾਸ ਅਤੇ ਮਿਆਰਾਂ ਦੀ ਜਾਂਚ ਕਰਦੀ ਹੈ, ਇਸ ਤਰ੍ਹਾਂ ਮਨੁੱਖ ਵੀ ਇਸਦੀ ਵਰਤੋਂ ਸਿੱਟੇ ਕੱਢਣ ਲਈ ਕਰ ਸਕਦੇ ਹਨ।
ਇੱਕ ਮਨੁੱਖ ਹੋਣਾ ਅਤੇ ਮਨੁੱਖਤਾ ਕਮਾਉਣਾ ਅਸਲ ਬ੍ਰਹਮ ਕਮਾਈ ਹੈ। ਗਰੀਬੀ ਦੀ ਧਰਤੀ 'ਤੇ ਛਾਤੀਆਂ ਫੈਲਾ ਕੇ, ਸਵੈ-ਇਨਕਾਰ ਦੇ ਵਿਚਕਾਰ ਰਹਿਣਾ ਬਿਹਤਰ ਹੈ। ਇਹ ਸਵੈ-ਇਨਕਾਰ ਦੀ ਜ਼ਿੰਦਗੀ ਮਹਾਨ ਲੋਕਾਂ ਦੀ ਪਸੰਦ ਹੈ। ਜੋ ਛੋਟੀ ਜਿਹੀ ਕਲਾ ਵੀ ਚੁਣਦੇ ਹਨ, ਉਹ ਇਸਨੂੰ ਸਤਿਕਾਰ ਦਿੰਦੇ ਹਨ। ਨਹੀਂ ਤਾਂ, ਜ਼ਿਆਦਾਤਰ ਛੋਟੇ ਲੋਕ ਇੱਕ ਵੱਡੀ ਕਲਾ ਚੁਣਦੇ ਹਨ ਅਤੇ ਉਸ ਕਲਾ ਦਾ ਸਨਮਾਨ ਪਹਿਨਦੇ ਹਨ। ਜਦੋਂ ਉਨ੍ਹਾਂ ਨਾਲ ਦਿਆਲਤਾ ਨਾਲ ਪੇਸ਼ ਆਉਂਦਾ ਹੈ, ਤਾਂ ਇਸਦਾ ਨਤੀਜਾ ਪਛਤਾਵਾ ਹੁੰਦਾ ਹੈ। ਇੱਕ ਛੋਟਾ ਵਿਅਕਤੀ ਇੱਕ ਵੱਡੀ ਕਲਾ ਨੂੰ ਵੀ ਛੋਟਾ ਬਣਾ ਦਿੰਦਾ ਹੈ, ਅਤੇ ਇੱਕ ਵੱਡਾ ਵਿਅਕਤੀ ਇੱਕ ਛੋਟੀ ਕਲਾ ਨੂੰ ਵੀ ਵੱਡਾ ਬਣਾ ਦਿੰਦਾ ਹੈ। ਇੱਕ ਵੱਡਾ ਵਿਅਕਤੀ ਇੱਕ ਵੱਡੀ ਕਲਾ ਨਾਲ ਜੁੜਿਆ ਹੁੰਦਾ ਹੈ, ਇਸ ਲਈ ਇਸਦੇ ਬੀਤਣ ਤੋਂ ਬਾਅਦ ਵੀ, ਉਨ੍ਹਾਂ ਦੀ ਰਚਨਾ ਸਮੇਂ ਵਿੱਚ ਰਹਿੰਦੀ ਹੈ। ਆਮ ਲੋਕ ਰਚਨਾ ਵਿੱਚ ਸੀਮਤ ਸਮੇਂ ਲਈ ਵਿਸ਼ੇਸ਼ ਬਣ ਜਾਂਦੇ ਹਨ, ਯਾਨੀ ਜਦੋਂ ਉਹ ਰਚਨਾ ਕਰਦੇ ਹਨ, ਤਾਂ ਉਹ ਆਮ ਸਮੇਂ ਵਾਂਗ ਨਹੀਂ ਹੁੰਦੇ। ਇਸੇ ਲਈ ਜਦੋਂ ਤੁਸੀਂ ਉਨ੍ਹਾਂ ਨੂੰ ਆਮ ਸਮੇਂ ਵਿੱਚ ਮਿਲਦੇ ਹੋ, ਤਾਂ ਤੁਹਾਨੂੰ ਕੋਈ ਹੋਰ ਵਿਅਕਤੀ ਮਿਲਦਾ ਹੈ। ਸਨਮਾਨ ਦੇਣ ਦੇ ਕੰਮ ਲਈ ਨਿਮਰਤਾ ਦੀ ਲੋੜ ਹੁੰਦੀ ਹੈ, ਪਰ ਜਦੋਂ ਨਿਮਰਤਾ ਦੀ ਬਜਾਏ, ਹੰਕਾਰ ਨਾਲ ਦੁਰਵਿਵਹਾਰ ਹੁੰਦਾ ਹੈ, ਤਾਂ ਸਵਰਗੀ ਅਸਮਾਨ ਵਿੱਚ ਉੱਡਣ ਵਾਲਾ ਧਰਤੀ ਦੇ ਨੀਵੇਂ ਪੱਧਰ 'ਤੇ ਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅਕਸਰ ਮਸ਼ਹੂਰ ਲੋਕ ਗੁਮਨਾਮੀ ਵਿੱਚ ਮਨੋਵਿਗਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਜਿਹੜੇ ਲੋਕ ਮਸ਼ਹੂਰ ਹੁੰਦੇ ਹੋਏ ਵੀ ਲੋਕਾਂ ਦਾ ਮਜ਼ਾਕ ਉਡਾਉਂਦੇ ਸਨ, ਮਨੁੱਖਤਾ ਦਾ ਸਤਿਕਾਰ ਭੁੱਲ ਜਾਂਦੇ ਸਨ, ਜਦੋਂ ਉਹ ਆਪਣੀ ਮੌਤ ਦੇ ਬਿਸਤਰੇ 'ਤੇ ਆਉਂਦੇ ਹਨ, ਤਾਂ ਉਹ ਹੰਝੂਆਂ ਨਾਲ ਗੱਲਾਂ ਕਰਦੇ ਹਨ ਅਤੇ ਮਦਦ ਮੰਗਦੇ ਹਨ। ਕਿੰਨੇ ਹੀ ਅਜਿਹੇ ਮਹਾਨ ਕਲਾਕਾਰ ਸਨ ਜਿਨ੍ਹਾਂ ਨੂੰ ਧਰਤੀ ਦਾ ਪੇਟ ਪਾਣੀ ਵਾਂਗ ਪੀਂਦਾ ਸੀ ਅਤੇ ਸਮਾਂ ਬਸ ਦੇਖਦਾ ਰਹਿੰਦਾ ਸੀ। ਅਤੇ ਬਹੁਤ ਸਾਰੇ ਅਜਿਹੇ ਮਹਾਨ ਸਿਰਜਣਹਾਰ ਕਲਾ ਦੀ ਵਿਕਰੀ ਤੋਂ ਬਚਦੇ ਹੋਏ, ਗਰੀਬੀ ਵਿੱਚ ਆਪਣੀ ਜ਼ਿੰਦਗੀ ਬਤੀਤ ਕਰਦੇ ਸਨ। ਉਨ੍ਹਾਂ ਦੇ ਜਾਣ ਤੋਂ ਬਾਅਦ, ਉਨ੍ਹਾਂ ਦੀਆਂ ਰਚਨਾਵਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਸੁਰਜੀਤ ਕੀਤਾ ਕਿ ਲੋਕ ਉਨ੍ਹਾਂ ਨੂੰ ਨਾ ਮਿਲ ਸਕਣ ਦਾ ਪਛਤਾਵਾ ਕਰਦੇ ਹਨ। ਇੱਕ ਲੇਖਕ ਨੂੰ ਆਪਣੀਆਂ ਲਿਖਤਾਂ ਵਾਂਗ ਹੀ ਸੁੰਦਰ ਹੋਣਾ ਚਾਹੀਦਾ ਹੈ।